# ਪੰਜਾਬ ਸਰਕਾਰ

## ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ

ਪੁੱਡਾ ਭਵਨ, ਸੈਕਟਰ 62, ਐੱਸ.ਏ.ਐੱਸ. ਨਗਰ

### ਸੈਕਟਰ 86-87, ਐੱਸ.ਏ.ਐੱਸ. ਨਗਰ ਦੀ ਸੜਕ ਤੋਂ ਕਬਜ਼ੇ ਹਟਾਉਣ ਸੰਬੰਧੀ

## ਜਨਤਕ ਸੂਚਨਾ

ਸੈਕਟਰ-86-87, ਐੱਸ.ਏ.ਐੱਸ. ਨਗਰ ਦੀ ਰੋਡ ਦੇ ਨਾਲ ਰੇਤੇ ਬਜਰੀ, ਸਰਵਿਸ ਸਟੇਸ਼ਨ, ਪ੍ਰਾਪਰਟੀ ਡੀਲਰ, ਕਾਰ ਮਕੈਨਿਕ ਅਤੇ ਨਰਸਰੀ ਆਦਿ ਵਾਲੇ ਨਾਜਾਇਜ਼ ਕਬਜ਼ਾ ਕਰਕੇ ਬੈਠੇ ਹਨ, ਜਿਨ੍ਹਾਂ ਨੂੰ ਗਮਾਡਾ ਦੀ Enforcement-Team ਵਲੋਂ ਕਈ ਵਾਰ ਹਟਾਇਆ ਗਿਆ ਹੈ, ਪਰੰਤੂ ਕੁਝ ਦਿਨਾਂ ਬਾਅਦ ਇਨ੍ਹਾਂ ਕਾਬਜ਼ਕਾਰਾਂ ਵਲੋਂ ਮੁੜ ਉਸੇ ਜਗ੍ਹਾ ਉਕਤ ਅਨੁਸਾਰ ਕੰਮ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਨ੍ਹਾਂ ਲੋਕਾਂ ਨੂੰ ਕਿਸਾਨਾਂ/ਜ਼ਿਮੀਂਦਾਰਾਂ ਵਲੋਂ ਆਪਣੀ ਜਗ੍ਹਾ ਕਿਰਾਏ 'ਤੇ ਦਿੱਤੀ ਗਈ ਹੈ, ਜਿਸ ਕਾਰਨ ਇਨ੍ਹਾਂ ਕਾਬਜ਼ਕਾਰਾਂ ਵਲੋਂ ਸੜਕ ਦੇ ਨਾਲ-ਨਾਲ ਵੀ ਰੇਤਾ ਬਜਰੀ ਰੱਖ ਕੇ ਵੇਚਣ ਦਾ ਕੰਮ ਮੁੜ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਸ ਲਈ ਸੈਕਟਰ-86,87, ਐੱਸ.ਐੱਸ.ਏ. ਨਗਰ ਦੀ ਰੋਡ ਦੇ ਨਾਲ ਲੱਗਦੀ ਗਮਾਡਾ ਦੀ ਜ਼ਮੀਨ 'ਤੇ ਰੇਤੇ ਬਜਰੀ, ਸਰਵਿਸ ਸਟੇਸ਼ਨ, ਪ੍ਰਾਪਰਟੀ ਡੀਲਰ, ਕਾਰ ਮਕੈਨਿਕ ਅਤੇ ਨਰਸਰੀ ਆਦਿ ਵਲੋਂ ਕੀਤੇ ਗਏ ਨਾਜਾਇਜ਼ ਕਾਬਜ਼ਕਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਕ ਹਫਤੇ ਦੇ ਅੰਦਰ-ਅੰਦਰ ਸੜਕ ਦੇ ਨਾਲ-ਨਾਲ ਕੀਤੇ ਗਏ ਨਾਜਾਇਜ਼ ਕਬਜ਼ੇ ਨੂੰ ਹਟਾ ਕੇ ਗਮਾਡਾ ਦੀ ਜ਼ਮੀਨ ਨੂੰ ਤੁਰੰਤ ਖਾਲੀ ਕਰ ਦੇਣ। ਅਜਿਹਾ ਨਾ ਕਰਨ ਦੀ ਸੂਰਤ ਵਿਚ ਨਿਮਨਹਸਤਾਖਰ ਵਲੋਂ ਇਨ੍ਹਾਂ ਅਣ-ਅਧਿਕਾਰਤ ਕਬਜ਼ਿਆਂ ਨੂੰ ਹਟਾ ਕੇ ਗਮਾਡਾ ਦੀ ਜ਼ਮੀਨ ਦਾ ਕਬਜ਼ਾ ਪ੍ਰਾਪਤ ਕਰ ਲਿਆ ਜਾਵੇਗਾ ਅਤੇ ਇਸ ਦਾ ਹਰਜਾਨਾ/ਖਰਚਾ ਕਾਬਜ਼ਕਾਰਾਂ ਤੋਂ ਵਸੂਲਿਆ ਜਾਵੇਗਾ। ਇਸ ਕਾਰਵਾਈ ਦੌਰਾਨ ਕਾਬਜ਼ਕਾਰਾਂ ਦੇ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਆਪਣੀ ਹੋਵੇਗੀ।

**No. 12/10688/2021/15707** — **ਮਿਲਖ ਅਫਸਰ (ਪ)**

AJIF 16-7-2022